ਮਾਨਯੋਗ ਸ੍ਰੀ ਐਸ ਸੀ ਅਗਰਵਾਲ, ਆਈ ਏ ਐਸ, ਮੁੱਖ ਸਕੱਤਰ, ਪੰਜਾਬ ਸਰਕਾਰ-ਕਮ-ਚੇਅਰਮੈਨ, ਕਾਰਜਕਾਰੀ ਕਮੇਟੀ, ਗਮਾਡਾ ਜੀ ਦੀ ਪ੍ਰਧਾਨਗੀ ਹੇਠ ਮਿਤੀ 22-3-2010 ਨੂੰ 10-30 ਵਜੇ ਉਹਨਾਂ ਦੇ ਦਫਤਰ ਦੇ ਪੰਜਾਬ ਸਿਵਲ ਸਕਤਰੇਤ, ਚੰਡੀਗੜ੍ਹ ਵਿਖੇ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਅੱਠਵੀ ਮੀਟਿੰਗ ਦੀ ਕਾਰਵਾਈ ।

ਮੀਟਿੰਗ ਵਿਚ ਹੇਠ ਲਿਖੇ ਮੈਂਬਰ ਹਾਜਰ ਹੋਏ :-

1) ਸ੍ਰੀ ਸੀ ਰਾਊਲ, ਆਈ ਏ ਐਸ,
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰ ਵਿਭਾਗ,
ਚੰਡੀਗੜ੍ਹ ।

2) ਸ੍ਰੀ ਸੁਖਬੀਰ ਸਿੰਘ ਸੰਧੂ, ਆਈ ਏ ਐਸ,
ਸਕੱਤਰ, ਪੰਜਾਬ ਸਰਕਾਰ,
ਮਕਾਨ ਉਸਾਰੀ ਤੇ ਸਹਿਰੀ ਵਿਕਾਸ ਵਿਭਾਗ,
ਚੰਡੀਗੜ੍ਹ ।

3) ਸ੍ਰੀ ਕੁਲਦੀਪ ਸਿੰਘ,
ਮੁੱਖ ਨਗਰ ਯੋਜਨਾਕਾਰ, ਪੰਜਾਬ,
ਚੰਡੀਗੜ੍ਹ ।

4) ਸ੍ਰੀ ਵਿਵੇਕ ਪ੍ਰਤਾਪ ਸਿੰਘ, ਆਈ ਏ ਐਸ,
ਮੁੱਖ ਪ੍ਰਸਾਸਕ,
ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ,
ਮੋਹਾਲੀ ।

**ਵਿਸੇਸ ਤੋਰ ਤੇ ਸਾਮਿਲ ਅਧਿਕਾਰੀ**

1) ਸ੍ਰੀ ਰਾਜੇਸ ਸੋਢੀ, ਆਈ ਆਰ ਐਸ,
ਵਧੀਕ ਮੁੱਖ ਪ੍ਰਸਾਸਕ (ਵਿੱਤ ਤੇ ਲੇਖਾ),
ਗਮਾਡਾ, ਮੋਹਾਲੀ ।

2) ਸ੍ਰੀ ਰਾਜਿੰਦਰ ਸਰਮਾ,
ਤਕਨੀਕੀ ਸਲਾਹਕਾਰ,
ਪੁੱਡਾ, ਮੋਹਾਲੀ ।

3) ਸ੍ਰੀ ਰਾਮੇਸ ਕੁਮਾਰ ਗਰਗ,
ਭੌਂ ਪ੍ਰਾਪਤੀ ਕੁਲੈਕਟਰ,
ਗਮਾਡਾ, ਮੋਹਾਲੀ ।

4) ਸ੍ਰੀ ਗੁਰਪ੍ਰੀਤ ਸਿੰਘ।
ਜਿਲਾ ਨਗਰ ਯੋਜਨਾਕਾਰ,
ਗਮਾਡਾ, ਮੋਹਾਲੀ ।

ਅਜੰਡੇ ਦੀਆਂ ਮੱਦਾ ਨੂੰ ਲੜੀ ਵਾਰ ਵਿਚਾਰਿਆ ਗਿਆ ਅਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ ।

Scanned by CamScanner

**ਮੱਦ ਨੰ: 8.01**

**ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਦੀ ਕਾਰਜਕਾਰੀ ਕਮੇਟੀ ਦੀ ਸੱਤਵੀ ਮੀਟਿੰਗ ਦੀ ਕਾਰਵਾਈ ਦੀ ਪੁਸਟੀ ਕਰਨ ਬਾਰੇ ।**

ਕਾਰਜਕਾਰੀ ਕਮੇਟੀ ਵੱਲੋ ਕਾਰਵਾਈ ਦੀ ਪੁਸਟੀ ਕੀਤੀ ਗਈ ।

**ਮੱਦ ਨੰ: 8.02**

**ਗਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਦੀ ਕਾਰਜਕਾਰੀ ਕਮੇਟੀ ਦੀ ਸੱਤਵੀ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਤੇ ਵਿਚਾਰ ਕਰਨ ਬਾਰੇ ।**

ਕਾਰਜਕਾਰੀ ਕਮੇਟੀ ਵੱਲੋ ਕੀਤੀ ਗਈ ਕਾਰਵਾਈ ਤੇ ਗੋਰ ਕੀਤਾ ਗਿਆ ਅਤੇ ਤਸੱਲੀ ਪ੍ਰਗਟਾਈ ਗਈ।

**ਮੱਦ ਨੰ: 8.03**

**ਅੰਤਰਰਾਸਟਰੀ ਹਵਾਈ ਅੱਡਾ, ਮੋਹਾਲੀ ਚੰਡੀਗੜ੍ਹ ਨੂੰ ਬਣਾਈ ਜਾਣ ਵਾਲੀ ਪਹੁੰਚ ਸੜਕ ਸੈਕਟਰ 66-ਬੀ ਤੋ ਪਿੰਡ ਛੱਤ ਦੇ ਆਲੇ ਦੁਆਲੇ ਨਵੀਂ ਅਰਬਨ ਅਸਟੇਟ ਵਸਾਉਣ ਲਈ ਵਿੱਤੀ ਸੰਸਥਾਵਾਂ ਤੋ 1200 ਕਰੋੜ ਰੁਪਏ ਦਾ ਕਰਜਾ ਲੈਣ ਬਾਰੇ ।**

ਮੀਟਿੰਗ ਦੇ ਸੁਰੂ ਵਿਚ ਮੁੱਖ ਪ੍ਰਸਾਸਕ ਜੀ ਨੇ ਤਜਵੀਜ ਪੇਸ ਕੀਤੀ ਅਤੇ ਤਜਵੀਜ ਦੀਆਂ ਵਿਸੇਸ ਤੱਥਾਂ ਬਾਰੇ ਜਾਣਕਾਰੀ ਦਿੱਤੀ ।

ਅਥਾਰਟੀ ਨੇ ਮਿਤੀ 6-8-2009 ਨੂੰ ਹੋਈ 5ਵੀ ਮੀਟਿੰਗ ਵਿਚ ਮੱਦ ਨੰਬਰ 5.15 ਲਾਲ ਸੈਕਟਰ 66-66 ਏ ਤੋ ਤੋ ਛੱਤ ਐਨ ਐਚ-64 ਤੱਕ ਸੜਕ ਦੇ ਦੋਨੋ ਪਾਸੇ 300 ਮੀਟਰ ਵਫਰ ਜੋਨ, 300 ਮੀਟਰ ਮਿਕਸਡ ਲੈਂਡ ਯੂਜ ਲਈ 929.73 ਏਕੜ ਭੌਂ ਲੈਂਡ ਪੂਲਿੰਗ ਸਕੀਮ ਅਧੀਨ ਪ੍ਰਾਪਤ ਕਰਨ ਦੀ ਪ੍ਰਵਾਨਗੀ ਦਿੱਤੀ ਸੀ। ਸਿਧਾਂਤਕ ਤੋਰ ਤੇ ਇਸ ਪ੍ਰੋਜੈਕਟ ਲਈ ਬੈਂਕਾਂ ਤੋ ਅਤੇ ਵਿੱਤੀ ਸੰਸਥਾਵਾਂ ਤੋ ਕਰਜਾ ਪ੍ਰਾਪਤ ਕਰਨ ਲਈ ਫੈਸਲਾ ਕੀਤਾ ਗਿਆ ਸੀ । ਕਾਰਜਕਾਰੀ ਕਮੇਟੀ ਨੇ ਨੋਟ ਕੀਤਾ ਕਿ ਜਿਹੜੀ ਭੌਂ ਪ੍ਰਾਪਤ ਕੀਤੀ ਜਾ ਰਹੀ ਹੈ ਉਹ ਅੰਤਰਰਾਸਟਰੀ ਹਵਾਈ ਅੱਡੇ ਨੂੰ ਜੋੜਨ ਵਾਲੀ ਸੜਕ ਦੇ ਨਾਲ ਕਰੀਟਕਲ ਲੋਕੇਸਨ ਤੇ ਸਥਿਤ ਹੈ। ਇਹ ਵੀ ਨੋਟ ਕੀਤਾ ਗਿਆ ਕਿ ਇਹ ਭੌਂ ਰੀਜਨਲ ਪਲਾਨ ਵਿਚ 'Aerotropolis' ਲਈ ਗਮਾਡਾ ਵੱਲੋ ਪ੍ਰਾਪਤੀ ਅਤੇ ਵਿਕਾਸ ਲਈ ਰਾਖਵੀ ਰੱਖੀ ਹੋਈ ਹੈ ਜੋ ਅੰਤਰ ਰਾਸਟਰੀ ਏਅਰਪੋਰਟ ਦੇ ਵਿਕਾਸ ਹੋਣ ਨਾਲ ਕਮਰਸੀਅਲ, ਰਿਹਾਇਸੀ ਅਤੇ ਦੂਸਰੀਆਂ ਵਿਸੇਸ ਉਤਪਿਤ ਹੋਣ ਵਾਲੀਆਂ ਜਰੂਰਤਾਂ ਨੂੰ ਪੂਰਾ ਕਰੇਗਾ । ਕਮੇਟੀ ਵੱਲੋ ਅੱਗੋ ਨੋਟ ਕੀਤਾ ਗਿਆ ਕਿ ਏਅਰਪੋਰਟ ਨੂੰ ਜੋੜਨ ਵਾਲੀ ਸੜਕਾਂ ਦੇ ਨਾਲ ਲਗਦੀ ਬੇਤਰਤੀਵੇ ਵਿਕਾਸ ਨੂੰ ਰੋਕਣਾ ਜਰੂਰੀ ਹੈ ਜਿਸ ਕਰਕੇ ਗਮਾਡਾ ਵੱਲੋ ਇਹ ਭੌਂ ਪ੍ਰਾਪਤ ਕਰਕੇ ਇਸ ਦੇ ਵਿਕਾਸ ਲਈ ਯੋਜਨਾ ਤਿਆਰ ਕਰਨੀ ਬਣਦੀ ਹੈ । ਇਹ ਵੀ ਨੋਟ ਕੀਤਾ ਗਿਆ ਕਿ ਏਅਰਪੋਰਟ ਅਤੇ ਇਸ ਨੂੰ ਜੋੜਨ ਵਾਲੀਆਂ ਸੜਕਾਂ ਲਈ ਭੌਂ

Scanned by CamScanner

ਪ੍ਰਾਪਤ ਕਰਨ ਵਾਸਤੇ ਅਤੇ ਸੜਕਾਂ ਦੀ ਉਸਾਰੀ ਆਦਿ ਲਈ ਲਗਭਗ 1000 ਕਰੋੜ ਰੁਪਏ ਖਰਚ ਕੀਤਾ ਜਾ ਚੁੱਕੇ ਹਨ ਜਾਂ ਖਰਚਾ ਕਰਨਾ ਮੰਨ ਲਿਆ ਗਿਆ ਹੈ । ਇਸਤੋ ਇਲਾਵਾ ਪਿੰਡ ਛੱਤ ਤੋ ਪੰਚਕੂਲਾਂ ਤੱਕ ਏਅਰਪੋਰਟ ਨੂੰ ਜੋੜਨ ਵਾਲੀ ਸੜਕ ਦੀ ਉਸਾਰੀ ਲਈ ਲਗਭਗ 400 ਕਰੋੜ ਰੁਪਏ ਹੋਰ ਲੋੜੀਦੇ ਹੋਣਗੇ ਜਿਸ ਲਈ ਭੌਂ ਪ੍ਰਾਪਤ ਕਰਨ ਦੀ ਕਾਰਵਾਈ ਪ੍ਰਗਤੀ ਅਧੀਨ ਹੈ । ਕਾਰਜਕਾਰੀ ਕਮੇਟੀ ਨੇ ਮੰਨਿਆ ਕਿ ਇਹਨਾਂ ਸੜਕਾਂ ਦੀ ਉਸਾਰੀ ਨਾਲ ਇਹਨਾ ਸੜਕਾ ਦੇ ਆਸ ਪਾਸ ਦੇ ਇਲਾਕੇ ਦੀ ਵੈਲਿਊ ਵਿਚ ਵਾਧਾ ਹੋਵੇਗਾ । ਇਸ ਕਰਕੇ ਮਹਿਸੂਸ ਕੀਤਾ ਗਿਆ ਕਿ ਕੀਤੇ ਜਾ ਰਹੇ ਖਰਚੇ ਦੀ ਕੁਝ ਹਿੱਸਾ ਪ੍ਰਤੀ ਪੂਰਤੀ ਕਰਨ ਲਈ ਭੌਂ ਦੀ ਵੱਧ ਰਹੀ ਵੈਲਿਊ ਵਿਚੋ ਕੁਝ ਹਿੱਸਾ ਖਿੱਚ ਲੈਣ ਵਿਚ ਹੀ ਸਮਝਦਾਰੀ ਹੈ, ਜੋ ਮਾਸਟਰ ਪਲਾਨ ਮੁਤਾਬਿਕ ਬੁਨਿਆਦੀ ਢਾਂਚਾ ਮੁਹੲੀਆ ਕਰਵਾਉਨ ਲਈ ਵਰਤਿਆ ਜਾ ਸਕਦਾ ਹੈ, ਜੋ ਕਿ ਗਮਾਡਾ ਦੀ ਜਿੰਮੇਵਾਰੀ ਹੈ । ਕਾਰਜਕਾਰੀ ਕਮੇਟੀ ਨੇ ਇਹ ਵੀ ਮੰਨਿਆ ਕਿ ਇਹ ਸੜ੍ਹਕਾਂ ਗਰੇਟਰ ਮੋਹਾਲੀ ਰੀਜਨ ਦੇ ਮਾਸਟਰ ਪਲਾਨ ਅਤੇ ਰੀਜਨਲ ਪਲਾਨ ਅਨੁਸਾਰ ਬਹੁਤ ਹੀ ਮਹੱਤਵਪੂਰਨ ਏਅਰਪੋਰਟ ਨੂੰ ਜੋੜਨ ਵਾਲੀਆਂ ਸੜਕਾਂ ਹਨ । ਕਾਰਜਕਾਰੀ ਕਮੇਟੀ ਨੇ ਮਹਿਸੂਸ ਕੀਤਾ ਕਿ ਇਸ ਭੌਂ ਨੂੰ ਜਲਦ ਤੋ ਜਲਦ ਪ੍ਰਾਪਤ ਕਰਨਾ ਜਰੂਰੀ ਹੈ ।

ਕਾਰਜਕਾਰੀ ਕਮੇਟੀ ਨੇ ਇਹ ਵੀ ਨੋਟ ਕੀਤਾ ਕਿ ਤਿਆਰ ਕੀਤੇ ਗਏ ਪ੍ਰੋਜੈਕਟ ਅਨੁਸਾਰ ਸਰਕਾਰ ਦੀ ਕੋਈ ਦੇਣਦਾਰੀ ਨਹੀ ਬਣਦੀ ਹੈ ਕਿਉਕਿ ਇਸ ਵਿਚ ਸਰਕਾਰ ਨੇ ਕੋਈ ਗਰੰਟੀ ਨਹੀ ਦਿੱਤੀ ਹੈ । ਦੂਸਰਾ ਇਸ ਕੇਸ ਪ੍ਰੋਜੈਕਟ ਵਾਸਤੇ ਪ੍ਰਾਪਤ ਕੀਤੀ ਜਾਣ ਵਾਲੀ ਭੌਂ ਹੀ ਬੈਂਕਾਂ ਨੂੰ ਗਹਿਣੇ ਰੱਖਣ ਲਈ ਪ੍ਰਵਾਨਗੀ ਮੰਗੀ ਜਾ ਰਹੀ ਹੈ । ਜਿੰਨ੍ਹੀ ਦੇਰ ਤੱਕ ਇਸ ਪ੍ਰੋਜੈਕਟ ਲਈ ਭੌਂ ਪ੍ਰਾਪਤ ਨਹੀ ਹੋ ਜਾਦੀ ਅਤੇ ਇਸ ਨੂੰ ਬੈਂਕਾਂ ਕੋਲ ਗਹਿਣੇ ਨਹੀ ਰੱਖਿਆ ਜਾਂਦਾ, ਉਦੋ ਤੱਕ ਗਮਾਡਾ ਦੀ ਮੋਜੂਦਾ ਕਮਸੀਅਲ ਜਾਇਦਾਦ ਨੂੰ ਇਸ ਅੰਤਰਿਮ ਸਮੇਂ ਲਈ ਗਹਿਣੇ ਰੱਖਿਆ ਜਾਵੇਗਾ ।

ਕਾਰਜਕਾਰੀ ਕਮੇਟੀ ਵੱਲੋ ਨੋਟ ਕੀਤਾ ਗਿਆ ਕਿ ਕੈਬਨਿਟ ਸਬ ਕਮੇਟੀ ਵੱਲੋ ਇਸ ਭੌਂ ਦਾ ਮੁਆਵਜਾ 1.5 ਕਰੋੜ ਰੁਪਏ ਪ੍ਰਤੀ ਏਕੜ ਨਿਰਧਾਰਿਤ ਕੀਤਾ ਗਿਆ ਹੈ । ਪਹਿਲੇ ਸਾਲ ਦਾ ਵਿਆਜ ਮੁਆਵਜੇ ਦੀ ਰਕਮ ਵਿਚ ਹੀ ਸਾਮਿਲ ਹੈ । ਭੌਂ ਪ੍ਰਾਪਤੀ ਐਕਟ ਦੀ ਧਾਰਾ 4 ਦੀ ਨੋਟੀਫੀਕੇਸਨ ਦੀ ਮਿਤੀ ਤੋ ਇੱਕ ਸਾਲ ਤੋ ਬਾਅਦ ਦੇ ਸਮੇਂ ਲਈ ਭੌਂ ਮਾਲਕ 12% ਸਲਾਨਾ ਦੇ ਹਿਸਾਬ ਨਾਲ ਵਾਧੂ ਵਿਆਜ ਲਈ ਯੋਗ ਹੋਣਗੇ । ਕਿਉਕਿ ਇਸ ਕੇਸ ਵਿਚ ਇੱਕ ਸਾਲ ਦਾ ਸਮਾਂ ਖਤਮ ਹੋ ਚੁੱਕਾ ਹੈ , ਇਸ ਕਰਕੇ ਭੌਂ ਪ੍ਰਾਪਤੀ ਪ੍ਰਤੀ ਇਹ ਵਿਆਜ ਦੀ ਦੇਣਦਾਰੀ ਪ੍ਰਤੀ ਦਿਨ

Scanned by CamScanner

ਵਧਦੀ ਜਾ ਰਹੀ ਹੈ । ਇਸ ਕਰਕੇ ਕਾਰਜਕਾਰੀ ਕਮੇਟੀ ਨੇ ਅਥਾਰਟੀ ਦੇ ਵਿੱਤੀ ਹਿੱਤ ਵਿਚ ਵੀ ਕਰਜ਼ੇ ਨੂੰ ਜਲਦ ਪ੍ਰਾਪਤ ਕਰਨਾ ਉਚਿਤ ਸਮਝਿਆ ।

ਵੱਖ ਵੱਖ ਬੈਂਕਾਂ ਵੱਲੋਂ ਦਿੱਤੀਆਂ ਤਜਵੀਜ਼ਾਂ ਨੂੰ ਵਿਚਾਰਨ ਵੇਲੇ ਕਾਰਜਕਾਰੀ ਕਮੇਟੀ ਨੂੰ ਸੂਚਿਤ ਕੀਤਾ ਗਿਆ ਕਿ ਸਟੇਟ ਬੈਂਕ ਆਫ ਇੰਡੀਆਂ ਦੀ ਤਜਵੀਜ਼ ਮੀਟਿੰਗ ਲਈ ਅਜੰਡਾ ਸਰਕੂਲੇਟ ਕਰਨ ਤੋ ਬਾਅਦ ਪ੍ਰਾਪਤ ਹੋਈ ਸੀ (ਮਿਤੀ 20-3-2010 ਸ਼ਨੀਵਾਰ ਬਾਅਦ ਦੁਪਹਿਰ) । ਸਟੇਟ ਬੈਂਕ ਆਫ ਇੰਡੀਆਂ ਤੋ ਪ੍ਰਾਪਤ ਹੋਈ ਪੱਤਰ ਦੀ ਕਾਪੀ ਮੈਂਬਰਾਂ ਨੂੰ ਮੌਕੇ ਤੇ ਦਿੱਤੀ ਗਈ । ਕਾਰਜਕਾਰੀ ਕਮੇਟੀ ਨੇ ਨੋਟ ਕੀਤਾ ਕਿ ਸਟੇਟ ਬੈਂਕ ਆਫ ਇੰਡੀਆਂ ਵੱਲੋਂ 9.00% ਮਾਸਿਕ ਚੱਕਰ ਵ੍ਰਿਧੀ ਵਿਆਜ ਦਰ ਤੇ ਕਰਜਾ ਦੇਣ ਦੀ ਪੇਸ਼ਕਸ਼ ਕੀਤੀ ਹੈ ਜੋਕਿ ਸਭ ਤੋ ਘੱਟ ਹੈ ਪਰ ਇਸ ਦੀਆਂ ਵਿਸਥਾਰ ਪੂਰਵਕ ਸ਼ਰਤਾਂ ਅਜੇ ਤੱਕ ਪ੍ਰਾਪਤ ਨਹੀ ਹੋਈਆਂ ਹਨ । ਕਾਰਜਕਾਰੀ ਕਮੇਟੀ ਨੇ ਮਹਿਸੂਸ ਕੀਤਾ ਕਿ ਸਟੇਟ ਬੈਂਕ ਆਫ ਇੰਡੀਆਂ ਨਾਲ ਦੂਸਰੇ ਬੈਂਕਾਂ ਵੱਲੋਂ ਦਿੱਤੀਆਂ ਸ਼ਰਤਾਂ ਅਨੁਸਾਰ ਨੈਗੋਸ਼ੀਏਸ਼ਨ ਕੀਤੀ ਜਾਣੀ ਬਣਦੀ ਹੈ ਅਤੇ ਸਟੇਟ ਬੈਂਕ ਆਫ ਇੰਡੀਆਂ ਜਿਸਦੀ ਵਿਆਜ ਦੀ ਦਰ ਸਭ ਤੋ ਘੱਟ ਹੈ ਤੋ ਕਰਜਾ ਲੈਣਾ ਚਾਹੀਦਾ ਹੈ । ਇਸਦੇ ਨਾਲ ਹੀ ਜੇਕਰ ਦੂਜੇ ਬੈਂਕ ਵੀ ਇਸਦੇ ਬਰਾਬਰ ਵਿਆਜ ਦੀ ਦਰ ਘਟਾਉਂਦੇ ਹਨ ਤਾਂ ਕਰਜੇ ਦਾ ਕੁਝ ਹਿੱਸਾ ਇਹਨਾਂ ਬੈਂਕਾਂ ਤੋ ਲਿਆ ਜਾ ਸਕਦਾ ਹੈ ।

ਇਸ ਪ੍ਰੋਜੈਕਟ ਵਿਚ ਹੁੱਡਕੋ ਨੇ ਵੀ ਸ਼ਾਮਿਲ ਹੋਣ ਦੀ ਇੱਛਾ ਪ੍ਰਗਟਾਈ ਹੈ ਜਿਹਨਾਂ ਦੀ ਵਿਆਜ ਦਰ 8.75% ਤਿਮਾਹੀ ਚੱਕਰਵ੍ਰਿਧੀ ਹੈ । ਕਾਰਜਕਾਰੀ ਕਮੇਟੀ ਨੇ ਹੁੱਡਕੋ ਦੀ ਮਿਤੀ 19-3-2010 ਦੇ ਪੱਤਰ ਤੇ ਗੌਰ ਕੀਤਾ ਕਿ ਹੁਡਕੋ ਨੇ ਇਸ ਪ੍ਰੋਜੈਕਟ ਵਾਸਤੇ 600 ਕਰੋੜ ਰੁਪਏ ਦੀ ਹੱਦ ਤੱਕ ਕਰਜਾ ਦੇਣ ਬਾਰੇ ਸਿਧਾਂਤਕ ਤੌਰ ਤੇ ਫੈਸਲੇ ਬਾਰੇ ਸੂਚਿਤ ਕੀਤਾ ਹੈ ਅਤੇ ਅੰਤਿਮ ਤਜਵੀਜ਼ ਉਹਨਾਂ ਦੇ ਬੋਰਡ ਅੱਗੇ ਅਜੇ ਰੱਖੀ ਜਾਣੀ ਹੈ । ਇਸ ਕਰੀਟਿਕਲ ਸਟੇਜ ਤੇ ਜਦੋਕਿ ਭੋਂ ਮਾਲਕਾਂ ਪ੍ਰਤੀ ਦਿੱਤੀ ਜਾਣ ਵਾਲੀ ਵਿਆਜ ਦੀ ਦੇਣਦਾਰੀ ਲਗਾਤਾਰ ਵੱਧਦੀ ਜਾ ਰਹੀ ਹੈ, ਕਾਰਜਕਾਰੀ ਕਮੇਟੀ ਨੇ ਮਹਿਸੂਸ ਕੀਤਾ ਕਿ ਲੰਮੇ ਸਮੇਂ ਲਈ ਹੁੱਡਕੋ ਤੋ ਕਰਜੇ ਸਬੰਧੀ ਪੇਸ਼ਕਸ਼ ਦਾ ਇੰਤਜਾਰ ਕਰਨਾ ਸੰਭਵ ਨਹੀ ਹੈ ।

ਉਕਤ ਦੱਸੇ ਤੱਥਾਂ ਨੂੰ ਧਿਆਨ ਵਿਚ ਰੱਖਦਿਆ ਹੋਇਆ ਕਾਰਜਕਾਰੀ ਕਮੇਟੀ ਨੇ ਫੈਸਲਾ ਕੀਤਾ ਕਿ :-

1) ਭੋਂ ਪ੍ਰਾਪਤੀ ਦੀ ਲਾਗਤ ਤੇ ਦਿੱਤੇ ਜਾਣ ਵਾਲੇ ਵਿਆਜ ਦੀ ਰਕਮ ਨੂੰ ਘਟਾਉਣ ਲਈ ਜਿੰਨੀ ਜਲਦੀ ਹੋ ਸਕੇ, ਭੋਂ ਪ੍ਰਾਪਤ ਕੀਤੀ ਜਾਣੀ ਚਾਹੀਦੀ ਹੈ ਅਤੇ ਅਵਾਰਡ ਸੁਣਾਉਣ ਲਈ ਸਾਰੀਆਂ ਕੀਤੀਆ ਜਾਣ ਵਾਲੀਆਂ ਕੋਸ਼ਿਸ਼ਾਂ ਆਰੰਭੀਆਂ ਜਾਣ ।

Scanned by CamScanner

2) ਸਟੇਟ ਬੈਂਕ ਆਫ ਇੰਡੀਆਂ (ਜਿਸਨੇ ਵਿਆਜ ਦੇ ਸਭ ਤੋ ਘੱਟ ਰੇਟ ਦਿੱਤੇ ਹਨ) ਨਾਲ ਜਲਦ ਕਰਜੇ ਦੀਆਂ ਸਰਤਾ ਬਾਰੇ ਨੈਗੋਸੀਏਸਨ ਕੀਤੀ ਜਾਵੇ ਅਤੇ ਜਿੰਨੀ ਜਲਦੀ ਹੋ ਸਕੇ ਕਰਜੇ ਸਬੰਧੀ ਫਾਰਮੈਲਟੀਆਂ ਪੂਰੀਆਂ ਕੀਤੀਆਂ ਜਾਣ । ਦੂਸਰੇ ਬੈਂਕ ਵੀ ਜੇਕਰ ਸਟੇਟ ਬੈਂਕ ਆਫ ਇੰਡੀਆਂ ਦੇ ਬਰਾਬਰ ਦੀਆਂ ਸਰਤਾਂ ਪ੍ਰਵਾਨ ਕਰਦੇ ਹਨ ਅਤੇ ਇਸ ਬੈਂਕ ਦੇ ਬਰਾਰਬਰ ਵਿਆਜ ਦਰ ਤੇ ਕਰਜਾ ਦੇਣ ਨੂੰ ਤਿਆਰ ਹੁੰਦੇ ਹਨ ਤਾਂ ਉਹਨਾਂ ਨੂੰ ਵੀ ਇਸ ਪ੍ਰੋਜੈਕਟ ਲਈ ਕਰਜਾ ਲੈਣ ਵਾਸਤੇ ਵਿਚਾਰ ਕਰ ਲਿਆ ਜਾਵੇ ।

3) ਹੁੱਡਕੋ ਨਾਲ ਪੱਤਰ ਵਿਹਾਰ ਕੀਤਾ ਜਾਵੇ ਕਿ ਉਹ ਜਲਦ ਪ੍ਰਵਾਨਗੀ ਦੇਣ । ਜੇਕਰ ਹੁੱਡਕੋ ਬੈਂਕਾਂ ਵਾਲੀਆ ਸਰਤਾ ਮੰਨਦਾ ਹੈ ਅਤੇ ਵਿਆਜ ਦੇ ਕੰਪੀਟੇਟਿਵ ਰੇਟ ਦਿੰਦਾ ਹੈ ਤਾਂ ਹੁੱਡਕੋ ਨੂੰ ਵੀ ਇਸ ਪ੍ਰੋਜੈਕਟ ਵਿਚ ਸਾਮਲ ਕਰਨ ਲਈ ਵਿਚਾਰ ਲਿਆ ਜਾਵੇ ।

4) ਮੱਦ ਦੇ ਪੈਰਾ 10 (ii) ਅਨੁਸਾਰ ਅਥਾਰਟੀ ਵੱਲੋ ਸੈਕਟਰ 77-78 ਦੀਆਂ 700 ਨੰਬਰ ਸ਼ੋ ਰੂਮ ਸਾਈਟਾਂ ਨੂੰ ਅੰਤ੍ਰਿਮ (interim) ਸਮੇਂ ਲਈ ਬਤੌਰ ਕੂਲੈਟਰਲ ਸਿਕਿਊਰਟੀ ਵੱਜੋ ਬੈਂਕਾਂ ਨੂੰ ਮਾਰਟਗੇਜ ਕਰਨ ਦੀ ਤਜਵੀਜ ਦੀ ਪ੍ਰਵਾਨਗੀ ਦੇ ਦਿੱਤੀ । ਜਦੋ ਇਸ ਪ੍ਰੋਜੈਕਟ ਲਈ ਪ੍ਰਾਪਤ ਕੀਤੀ ਜਾਣ ਵਾਲੀ ਭੋਂ ਦਾ ਕਬਜਾ ਪ੍ਰਾਪਤ ਹੋ ਜਾਂਦਾ ਹੈ ਤਾਂ ਪ੍ਰੋਜੈਕਟ ਵਾਲੀ ਭੋਂ ਬੈਂਕਾਂ ਨੂੰ ਮਾਰਟਗੇਜ ਕਰ ਦਿੱਤੀ ਜਾਵੇ ।

5) ਮੱਦ ਦੇ ਪੈਰਾ 10 (iv) ਅਨੁਸਾਰ ਵਿੱਤੀ ਸੰਸਥਾਵਾਂ ਨਾਲ ਅਥਾਰਟੀ ਦੀ ਤਰਫੋ ਕਰਜਾ ਲੈਣ ਲਈ ਇਕਰਾਰਨਾਮਾ ਆਦਿ ਦਸਤਾਵੇਜਾਂ ਤੇ ਹਸਤਾਖਰ ਕਰਨ ਲਈ ਵਧੀਕ ਮੁੱਖ ਪ੍ਰਸਾਸਕ (ਵਿ ਅਤੇ ਲੇ), ਗਮਾਡਾ, ਮੋਹਾਲੀ ਨੂੰ ਅਧਿਕਾਰ ਦਿੱਤੇ ।

6) ਕਾਰਜਕਾਰੀ ਕਮੇਟੀ ਨੇ ਪ੍ਰਾਪਤ ਕੀਤੀ ਜਾਣ ਵਾਲੀ ਭੋਂ ਦੀ ਡਿਸਪੋਜਲ ਲਈ ਤਜਵੀਜ ਜਲਦ ਵਿਚਾਰ ਅਤੇ ਫੈਸਲੇ ਲਈ ਕਮੇਟੀ ਦੇ ਸਾਹਮਣੇ ਲਿਆਉਣ ਲਈ ਆਖਿਆ ।

<u>ਮੱਦ ਨੰ: 8.04</u>

**200 ਫੁੱਟ ਚੋੜੀ ਸੜਕ ਦੇ ਦੋਵੇ ਪਾਸੇ 30 ਮੀਟਰ ਬਫਰ ਜੋਨ ਅਤੇ 300 ਮੀਟਰ ਮਿਕਸ ਲੈਂਡ ਯੂਜ ਲਈ ਸੈਕਟਰ-66-66ਏ ਤੋ ਛੱਤ ਐਨ ਐਚ 64 ਤੱਕ 771.34 ਏਕੜ ਭੋਂ ਪ੍ਰਾਪਤੀ ਸਬੰਧੀ ਅਵਾਰਡ ਨੂੰ ਹਿੱਸਿਆ ਵਿਚ ਸਨਾਉਣ ਬਾਰੇ ।**

ਸਿਧਾਂਤਕ ਤੋਰ ਤੇ ਮੱਦ ਦੀ ਪ੍ਰਵਾਨਗੀ ਦਿੱਤੀ ਗਈ । ਮੱਦ ਨੰਬਰ 8.03 ਵਿਚ ਕਮੇਟੀ ਵੱਲੋ ਨੋਟ ਕੀਤਾ ਗਿਆ ਸੀ ਕਿ ਇਸ ਪ੍ਰੋਜੈਕਟ ਲਈ ਹੁੱਡਕੋ ਅਤੇ ਸਟੇਟ ਬੈਂਕ ਆਫ ਇੰਡੀਆਂ ਨੇ ਕਰਜਾ ਦੇਣ ਲਈ ਤਜਵੀਜ ਪੇਸ ਕੀਤੀ ਹੈ । ਜੇਕਰ ਭੋਂ ਪ੍ਰਾਪਤ ਕਰਨ ਲਈ ਲੋੜੀਦੀ ਰਕਮ ਦਾ ਬੰਦੋਬਸਤ ਹੋ ਜਾਂਦਾ ਹੈ ਤਾਂ ਸਾਰਾ ਅਵਾਰਡ ਇੱਕਠਾ ਸੁਣਾਉਣ ਲਈ ਵਿਚਾਰ ਲਿਆ ਜਾਵੇ ।

**ਮੁੱਖ ਸਕੱਤਰ-ਕਮ ਚੇਅਰਮੈਨ**
**ਕਾਰਜਕਾਰੀ ਕਮੇਟੀ, ਗਮਾਡਾ**

Scanned by CamScanner